ੴ ਵਾਹਿਗੁਰੂ ਜੀ ਕੀ ਫ਼ਤਹ॥

# AKHAND KIRTANI JATHA USA (Regd.)

*Email: akhandkeertanijatha@gmail.com*

ਮਿਤੀ: 25 ਅਗਸਤ 2010

**ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਦੀ ਸੇਵਾ ਵਿਖੇ ਖੁੱਲਾ ਬੇਨਤੀ ਪੱਤਰ**

ਸਤਿਕਾਰਯੋਗ ਜਥੇਦਾਰ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥

ਸਨਿਮਰ ਬੇਨਤੀ ਹੈ ਕਿ ਅਖਬਾਰਾਂ ਰਾਹੀ ਇਹ ਖ਼ਬਰ ਬੜੇ ਹੀ ਅਫ਼ਸੋਸ ਨਾਲ ਪੜ੍ਹੀ ਅਤੇ ਸੁਣੀ ਜਾ ਰਹੀ ਹੈ ਕਿ ਗਿਆਨੀ ਇਕਬਾਲ ਸਿੰਘ ਜਥੇਦਾਰ ਪਟਨਾ ਸਾਹਿਬ ਨੇ ਇਕ ਹੁਕਮਨਾਮਾ ਜਾਰੀ ਕਰਕੇ 'ਰਾਗਮਾਲਾ' ਬਾਰੇ ਵਾਦ-ਵਿਵਾਦ ਖੜਾ ਕੀਤਾ ਹੈ ਅਤੇ 'ਰਾਗਮਾਲਾ' ਨਾ ਪੜ੍ਹਨ ਵਾਲਿਆਂ ਪ੍ਰਤੀ ਬਹੁਤ ਹੀ ਗਲਤ ਅਤੇ ਅਪਮਾਨਜਨਕ ਸ਼ਬਦਾਵਲੀ ਵਰਤੀ ਹੈ। ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਦਾ ਇਹ ਕੋਝਾ ਜਤਨ ਭਵਿੱਖ ਵਿੱਚ ਸਿੱਖ ਪੰਥ ਲਈ ਬੜਾ ਹੀ ਹਾਨੀਕਾਰਕ ਹੋ ਸਕਦਾ ਹੈ। ਇਸ ਚਿੰਤਾਜਨਕ ਹਾਲਤ ਨੂੰ ਦੇਖ ਕੇ ਕੁਝ ਬੇਨਤੀਆਂ ਲਿਖ ਕੇ ਆਪ ਜੀ ਦੇ ਵਿਚਾਰ ਅਧੀਨ ਭੇਜੀਆਂ ਜਾ ਰਹੀਆਂ ਹਨ।

1) ਗੁਰਦੁਆਰਾ ਐਕਟ ਦੇ ਹੋਂਦ ਵਿੱਚ ਆਉਣ ਮਗਰੋਂ ਸੰਨ 1936 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਦੋਂ ਪਹਿਲੀ ਵਾਰ ਰਹਿਤ ਮਰਿਯਾਦਾ ਪ੍ਰਕਾਸ਼ਤ ਕਰਕੇ ਜਾਰੀ ਕੀਤੀ ਗਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ 'ਭੋਗ' ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਸੀ:**"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਸਾਧਾਰਨ ਜਾਂ ਅਖੰਡ ਪਾਠ ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ। ਇਸ ਬਾਬਤ ਪੰਥ ਵਿੱਚ ਅਜੇ ਤਕ ਮਤਭੇਦ ਹਨ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆਂ ਨਾ ਕਰੇ"।**ਇਥੋਂ ਇਹ ਸਪਸ਼ਟ ਹੁੰਦਾ ਹੈ ਕਿ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਦੋਂ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਿਆ ਅਤੇ ਇਸ ਲਈ ਇਸਨੂੰ ਪੜ੍ਹਨ ਤੇ ਵੀ ਰੋਕ ਲਾ ਦਿੱਤੀ।

2) ਸੰਨ 1945 ਵਿੱਚ ਕਿਸੇ ਸਿਆਸੀ ਦਬਾਅ ਜਾਂ ਪ੍ਰਭਾਵ ਥੱਲੇ, ਹੇਠ ਲਿਖੇ ਅਨੁਸਾਰ ਇਸ ਵਿਚ ਤਰਮੀਮ ਕੀਤੀ ਗਈ।**"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਸਾਧਾਰਨ ਜਾਂ ਅਖੰਡ ਪਾਠ ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਸਥਾਨਿਕ ਰੀਤੀ ਅਨੁਸਾਰ ਪਾਇਆ ਜਾਵੇ।..."** ਇਥੋਂ ਵੀ ਇਹ ਸਪੱਸ਼ਟ ਹੈ ਕਿ ਤਰਮੀਮ ਕਰਨ ਸਮੇਂ ਵੀ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਨੇ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਿਆ ਕਿਉਂਕਿ ਜੇ ਰਾਗਮਾਲਾ ਨੂੰ ਗੁਰਬਾਣੀ ਮੰਨਿਆ ਜਾਂਦਾ ਤਾਂ ਫਿਰ ਰਾਗਮਾਲਾ ਪੜ੍ਹਨ ਜਾਂ ਨਾ ਪੜ੍ਹਨ ਦੀ ਛੋਟ ਨਾ ਲਿਖੀ ਜਾਂਦੀ।

3) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਰੰਭ ਤੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ ਤੇ ਹੀ ਪਾਇਆ ਜਾਂਦਾ ਰਿਹਾ ਹੈ ਅਤੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ ਰਹੀ ਹੈ। ਪਰ ਸੰਨ 1984 ਦੇ ਘੱਲੂਘਾਰੇ ਉਪਰੰਤ ਹੂੜਮੱਤ ਅਤੇ ਜੋਰ-ਜਬਰੀ ਨਾਲ ਪੰਥਕ ਫੈਸਲੇ ਦੀ ਪਰਵਾਹ ਨਾ ਕਰਦਿਆਂ ਹੋਇਆ, ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਰਾਗਮਾਲਾ ਪੜ੍ਹਨੀ ਸ਼ੁਰੂ ਕਰ ਦਿੱਤੀ। ਇਸ ਨਾਲ ਪੰਥਕ ਰਹਿਤ ਮਰਿਯਾਦਾ ਵਿੱਚ ਕੀਤੀ ਹਦਾਇਤ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਜਾਂ ਅਖੰਡ ਪਾਠ ਦਾ ਭੋਗ ਮੁੰਦਾਵਣੀ ਜਾਂ ਰਾਗਮਾਲਾ ਪੜ੍ਹ ਕੇ ਸਥਾਨਿਕ ਰੀਤੀ ਅਨੁਸਾਰ ਪਾਇਆ ਜਾਵੇ) ਦੀ ਘੋਰ ਉਲੰਘਣਾ ਹੋਈ ਹੈ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਆਰੰਭ ਕਾਲ ਤੋਂ ਹੀ ਰਾਗਮਾਲਾ ਨਾ ਪੜ੍ਹਨ ਦੀ ਚੱਲੀ ਆ ਰਹੀ ਗੁਰਮਤਿ ਰੀਤੀ ਨੂੰ ਜ਼ਬਰਦਸਤੀ ਭੰਗ ਕੀਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਹਿਰੇਦਾਰ ਅਤੇ ਵਾਰਸ ਅਖਵਾਉਣ ਵਾਲੇ ਖਾਮੋਸ਼ ਅਤੇ ਚੁੱਪ ਸਾਧੀ ਬੈਠੇ ਹਨ।

Akhand Kirtani Jatha USA

4) ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਦੀ ਪਤ੍ਰਿਕਾ ਨੰ: 37221/901 ਮਿਤੀ 4-9-1970 ਵਿੱਚ ਸਪੱਸ਼ਟ ਲਿਖਿਆ ਗਿਆ ਹੈ ਕਿ:**(ੳ) "ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਰਾਗਮਾਲਾ ਨਹੀਂ ਪੜੀ ਜਾਂਦੀ ਅਤੇ ਰਾਗਮਾਲਾ ਤੇ ਕੋਈ ਮਹਲਾ ਆਦਿ ਹੈਡ ਲੇਖ ਵਜੋਂ ਨਹੀਂ ਹੈ ਜਿਸ ਤੋਂ ਇਹ ਨਿਰਨਾ ਹੋ ਸਕੇ ਕਿ ਰਾਗਮਾਲਾ ਗੁਰੂਕ੍ਰਿਤ ਹੈ। (ਅ) ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਉਪਰੰਤ ਰਾਗਮਾਲਾ ਨਾ ਪੜ੍ਹੀ ਜਾਵੇ ਤਾਂ ਗ੍ਰੰਥੀ ਸਿੰਘ ਤਨਖਾਹੀਆ ਨਹੀਂ"**।

ਬੜੀ ਹੈਰਾਨੀ ਦੀ ਗੱਲ ਹੈ ਕਿ ਇੰਨਾਂ ਕੁਝ ਸਪੱਸ਼ਟ ਹੋਣ ਦੇ ਬਾਵਜੂਦ, ਜਥੇਦਾਰ ਗਿਆਨੀ ਇਕਬਾਲ ਸਿੰਘ ਇੱਕ ਜਿੰਮੇਵਾਰ ਪਦਵੀ ਤੇ ਹੁੰਦਿਆਂ ਹੋਇਆਂ, ਪੰਥਕ ਫੈਸਲਿਆਂ ਅਤੇ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਕਰਕੇ ਪੰਥ ਵਿੱਚ ਫੁੱਟ ਪਾਉਣ ਤੇ ਤੁਲੇ ਹੋਏ ਹਨ। ਇਹੋ ਜਿਹੀਆ ਗਲਤੀਆ ਉਨ੍ਹਾਂ ਪਹਿਲਾ ਵੀ ਕੀਤੀਆਂ ਹਨ ਜਿਸ ਤੋਂ ਦੇਸ ਪ੍ਰਦੇਸ ਵਿਚ ਬੈਠੇ ਪੰਥ ਦਰਦੀ ਗੁਰਸਿੱਖ ਦੁਖੀ ਹਨ।

5) ਅਖੰਡ ਕੀਰਤਨੀ ਜਥਾ USA, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਗੁਰਬਚਨ ਸਿੰਘ ਜੀ ਦੇ ਬਿਆਨ ਤੇ ਵੀ, ਜੋ ਉਨ੍ਹਾਂ ਕਿਹਾ ਹੈ ਕਿ ਰਾਗਮਾਲਾ ਗੁਰਬਾਣੀ ਦਾ ਹੀ ਹਿੱਸਾ ਹੈ, ਦੀ ਬੜੀ ਹੀ ਸਖਤੀ ਨਾਲ ਆਲੋਚਨਾ ਕਰਦਾ ਹੈ, ਕਿਉਂਕਿ ਜਿਸ ਪਦਵੀ ਤੇ ਉਹ ਸ਼ੁਸ਼ੋਵਤ ਹਨ, ਉਨ੍ਹਾਂ ਤੇ ਇਸ ਨਾਲ ਇੱਕ ਪ੍ਰਸ਼ਨ-ਚਿੰਨ ਲਗਦਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੰਥਕ ਫੈਸਲਿਆਂ ਅਤੇ ਸਿੱਖ ਰਹਿਤ ਮਰਿਯਾਦਾ ਨਾਲ ਸਹਿਮਤ ਨਾ ਹੋਣਾ ਸਿੱਖ-ਕੌਮ ਦੀ ਬਦਕਿਸਮਤੀ ਹੋਵੇਗੀ।

ਇਥੇ, ਪੰਥ ਦੀਆਂ ਕੁਝ ਕੂ ਸਿਰਮੌਰ ਹਸਤੀਆਂ, ਵਿਦਵਾਨਾਂ ਅਤੇ ਸ਼ਹੀਦਾਂ ਦਾ ਜ਼ਿਕਰ ਕਰਨਾ ਅਤੀ ਜ਼ਰੂਰੀ ਹੋਵੇਗਾ ਜਿਨ੍ਹਾਂ ਨੇ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਿਆ ਜਿਵੇ:

1) ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਕਰਤਾ ਸੂਰਜ ਪ੍ਰਤਾਪ ਗ੍ਰੰਥ
2) ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਕਰਤਾ ਮਹਾਨ ਕੋਸ਼
3) ਗਿਆਨੀ ਦਿੱਤ ਸਿੰਘ ਜੀ ਸਿੰਘ ਸਭਾ ਲਹਿਰ ਦੇ ਮੋਢੀ
4) ਪ੍ਰੋ: ਗੁਰਮੁਖ ਸਿੰਘ ਜੀ ਸਿੰਘ ਸਭਾ ਲਹਿਰ ਦੇ ਮੋਢੀ
5) ਗਿਆਨੀ ਗਿਆਨ ਸਿੰਘ ਜੀ ਕਰਤਾ ਪੰਥ ਪ੍ਰਕਾਸ਼
6) ਪੰਡਤ ਤਾਰਾ ਸਿੰਘ ਜੀ ਨਰੋਤਮ
7) ਪ੍ਰੋ: ਸਾਹਿਬ ਸਿੰਘ ਜੀ ਡੀ ਲਿਟ ਕਰਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ
8) ਗਿਆਨੀ ਸ਼ੇਰ ਸਿੰਘ ਜੀ
9) ਪ੍ਰਿੰਸੀਪਲ ਗੰਗਾ ਸਿੰਘ ਜੀ
10) ਪ੍ਰੋ: ਤੇਜਾ ਸਿੰਘ ਜੀ
11) ਪ੍ਰੋ: ਗੰਡਾ ਸਿੰਘ ਜੀ
12) ਕਨਿੰਘਮ ਮੈਕਾਲਫ਼ ਹਿਸਟੋਰੀਅਨ
13) ਪੰਡਤ ਕਰਤਾਰ ਸਿੰਘ ਜੀ ਦਾਖਾ
14) ਪ੍ਰੋ: ਗੁਰਬਚਨ ਸਿੰਘ ਜੀ ਦਾਖਾ
15) ਮਾਸਟਰ ਤਾਰਾ ਸਿੰਘ ਜੀ
16) ਡਾ: ਤ੍ਰਿਲੋਚਨ ਸਿੰਘ ਜੀ
17) ਭਾਈ ਸ਼ਮਸ਼ੇਰ ਸਿੰਘ ਜੀ ਅਸ਼ੋਕ ਸ੍ਰੋ: ਗੁ: ਪ੍ਰ: ਕਮੇਟੀ ਦੇ ਰੀਸਰਚ ਸਕਾਲਰ
18) ਗਿਆਨੀ ਹੀਰਾ ਸਿੰਘ ਜੀ
19) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ
20) ਭਾਈ ਰਣਧੀਰ ਸਿੰਘ ਜੀ ਰੀਸਰਚ ਸਕਾਲਰ
21) ਪ੍ਰੋ: ਪਿਆਰਾ ਸਿੰਘ ਪਦਮ
22) ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ ਗੁਰਬਾਣੀ ਵਿਆਕਰਣ ਦੇ ਖੋਜ ਕਰਤਾ
23) ਗਿਆਨੀ ਗੁਰਦਿੱਤ ਸਿੰਘ ਜੀ ਕਰਤਾ ਪੁਸਤਕ 'ਮੁੰਦਾਵਣੀ' ਅਤੇ 'ਭਗਤ-ਬਾਣੀ'
24) ਸੰਤ ਕ੍ਰਿਪਾਲ ਸਿੰਘ ਬੱਬਰ ਅਕਾਲੀ
25) ਗਿਆਨੀ ਅਰਜਨ ਸਿੰਘ ਜੀ ਵੈਦ ਕਵੀ ਰਾਜ
26) ਗਿਆਨੀ ਰਤਨ ਸਿੰਘ ਜੀ ਬੀ. ਏ. ਬੀ. ਟੀ (U.K)

Akhand Kirtani Jatha USA

27) ਬਾਵਾ ਹਰਕਿਸ਼ਨ ਸਿੰਘ ਜੀ
28) ਪੰਡਤ ਹਜ਼ਾਰਾ ਸਿੰਘ ਜੀ
29) ਗਿਆਨੀ ਨਾਹਰ ਸਿੰਘ ਜੀ
30) ਪ੍ਰਿੰਸੀਪਲ ਨਿਰੰਜਨ ਸਿੰਘ ਜੀ
31) ਡਾ: ਬਲਬੀਰ ਸਿੰਘ ਜੀ
32) ਸ਼ਹੀਦ ਭਾਈ ਫੌਜਾ ਸਿੰਘ ਜੀ

6) ਬਹੁਤਾ ਕੁਝ ਨਾ ਲਿਖਦਿਆਂ ਹੋਇਆਂ, ਆਪ ਜੀ ਪ੍ਰਤੀ ਬੇਨਤੀ ਹੈ ਕਿ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ ਨੂੰ ਫੌਰਨ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਤਲਬ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਯੋਗ ਕਾਰਵਾਈ ਕਰਕੇ ਤਨਖਾਹੀਆ ਕਰਾਰ ਦਿੱਤਾ ਜਾਵੇ।

7) ਗਿਆਨੀ ਇਕਬਾਲ ਸਿੰਘ ਜੀ ਨੇ ਪੰਥਕ ਰਹਿਤ ਮਰਿਯਾਦਾ ਦੀ ਉਲੰਘਣਾ ਕਰਕੇ ਘੋਰ ਅਪਮਾਨ ਕੀਤਾ ਹੈ ਇਸਲਈ ਅਗਾਂਹ ਤੋ ਉਨ੍ਹਾਂ ਨੂੰ ਕਿਸੇ ਵੀ ਪੰਥਕ ਫ਼ੈਸਲੇ ਸੰਬੰਧੀ ਪੰਜ-ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਤੇ ਪੂਰਨ ਤੌਰ ਤੇ ਪਾਬੰਦੀ ਲਾਈ ਜਾਵੇ, ਜਿਸਦੇ ਕਿ ਉਹ ਬਿਲਕੁਲ ਯੋਗ ਨਹੀਂ ਹਨ।

ਭੁੱਲ ਚੁੱਕ ਦੀ ਖਿਮਾਂ।

ਗੁਰੂ ਪੰਥ ਦੇ ਦਾਸਰੇ,

ਅਖੰਡ ਕੀਰਤਨੀ ਜੱਥਾ USA

Akhand kirtani Jatha USA